بسم الله الرحمن الرحيم نحمده ونصلى على رسوله الكريم وعلى عبده المسيح الموعود
لا اله الا الله محمد رسول الله
دفتر مجلس انصار اللہ بھارت
Office Of The Majlis Ansarullah Bharat
Mohallah Ahmadiyya Qadian-143516, Distt.Gurdaspur (Punjab) INDIA

Mob:9682536974, E-Mail.: ansarullah@qadian.in ਮੁਹੱਲਾ ਅਹਮਦੀਆ ਕਾਦੀਆਂ ਜ਼ਿਲ੍ਹਾ ਗੁਰਦਾਸਪੁਰ (ਪੰਜਾਬ)

# ਗਜ਼ਵਾਹ ਬਨੂ ਮੁਤੱਲਕ ਦੇ ਹਾਲਾਤ ਅਤੇ ਉਸ ਸਮੇਂ ਹੋਣ ਵਾਲਿਆਂ ਘਟਨਾਵਾਂ ਦਾ ਬਿਆਨ
# ਜਲਸਾ ਸਲਾਨਾ ਬਰਤਾਨੀਆ ਅਤੇ ਸ਼ਾਮਿਲ ਹੋਣ ਵਾਲਿਆਂ ਲਈ ਦੁਆਵਾਂ ਦੀ ਤਹਰੀਕ

ਸੰਖੇਪ ਵਿਵਰਨ ਖ਼ੁਤਬਾ ਜੁਮ੍ਹਾ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖਲੀਫਾਤੁੱਲ ਮਸੀਹ ਅਲ-ਖਾਮਿਸ ਅੱਯਾਦਹੁੱਲ੍ਹਾ ਤਆਲਾ ਬਿਨਸਰਹਿਲ ਅਜ਼ੀਜ਼, 19 ਜੁਲਾਈ 2024 ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ

أَشْهَدُ أَنْ لَّا إِلٰهَ إِلَّا اللّٰهُ وَحْدَهٗ لَا شَرِيْكَ لَهٗ وَأَشْهَدُ أَنَّ مُحَمَّدًا عَبْدُهٗ وَرَسُوْلُهٗ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ۔ بِسْمِ اللّٰهِ الرَّحْمٰنِ الرَّحِيْمِ۔ اَلْحَمْدُ لِلّٰهِ رَبِّ الْعٰلَمِيْنَ۔ الرَّحْمٰنِ الرَّحِيْمِ۔ مٰلِكِ يَوْمِ الدِّيْنِ۔ إِيَّاكَ نَعْبُدُ وَإِيَّاكَ نَسْتَعِيْنُ۔ اِهْدِنَا الصِّرَاطَ الْمُسْتَقِيْمَ۔ صِرَاطَ الَّذِيْنَ أَنْعَمْتَ عَلَيْهِمْ۔ غَيْرِ الْمَغْضُوْبِ عَلَيْهِمْ وَلَا الضَّآلِّيْنَ

ਤਸ਼ਹੁੱਦ, ਤਾਉਜ਼ ਤੇ ਸੂਰਤੁੱਲ ਫ਼ਾਤਿਹਾ ਦੀ ਤਿਲਾਵਤ ਦੇ ਬਾਦ ਹਜ਼ੂਰੇ ਅਨਵਰ ਨੇ ਫ਼ਰਮਾਇਆ :

ਗਜ਼ਵਾਹ ਬਨੂ ਮੁਤੱਲਕ ਦਾ ਜ਼ਿਕਰ ਪਿੱਛਲੇ ਖੁਤਬੇ ਵਿੱਚ ਹੋਇਆ ਸੀ। ਉਸ ਦਾ ਹੋਰ ਵਿਸਥਾਰ ਹਦੀਸਾਂ ਅਤੇ ਤਾਰੀਖ ਵਿੱਚ ਮਿਲਦਾ ਹੈ । ਸਹੀ ਬੁਖਾਰੀ ਵਿੱਚ ਇਸ ਦੇ ਵਿਸਥਾਰ ਵਿੱਚ ਲਿਖਿਆ ਹੈ ਕਿ ਜੱਦ ਨਬੀ ਕਰੀਮ ਸੱਲਲਾਹੁ ਅਲੈਹਿ ਵੱਸਲਮ ਨੇ ਬਨੂ ਮੁਤੱਲਕ ਉੱਤੇ ਹਮਲਾ ਕੀਤਾ ਤਾਂ ਉਹ ਗਾਫਲ ਸਨ

ਹਜ਼ਰਤ ਮਿਰਜ਼ਾ ਬਸ਼ੀਰ ਅਹਮਦ ਸਾਹਿਬ ਰਜ਼ੀ ਅੱਲਾਹ ਅੰਨਹੁ ਇਸ ਕਿੱਸੇ ਸੰਬੰਧੀ ਫ਼ਰਮਾਉਂਦੇ ਹਨ ਕਿ ਇਸ ਗਜ਼ਵਾਹ ਦੇ ਸੰਬੰਧੀ ਸਹੀ ਬੁਖਾਰੀ ਵਿੱਚ ਇੱਕ ਸਾਖੀ ਦਰਜ ਹੈ ਕਿ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਨੇ ਬਨੂ ਮੁਤੱਲਕ ਉੱਤੇ ਅਜਿਹੇ ਸਮੇਂ ਹਮਲਾ ਕੀਤਾ ਕਿ ਉਹ ਗਫਲਤ ਦੀ ਹਾਲਤ ਵਿੱਚ ਆਪਣੇ ਜਾਨਵਰਾਂ ਨੂੰ ਪਾਣੀ ਪਿਲਾ ਰਹੇ ਸਨ। ਜੇਕਰ ਵੇਖੀਏ ਤਾਂ ਇਹ ਸਾਖੀ ਇਤਿਹਾਸਕਾਰਾਂ ਦੀ ਸਾਖੀ ਦੇ ਉਲਟ ਨਹੀਂ ਹੈ। ਅਸਲ ਵਿੱਚ ਇਹ ਦੋ ਸਾਖੀਆਂ, ਦੋ ਵੱਖੋ-ਵੱਖ ਸਮਿਆਂ ਨਾਲ ਸੰਬੰਧ ਰੱਖਦੀਆਂ ਹਨ। ਕਿੱਸਾ ਇੰਞ ਹੈ ਕਿ ਜੱਦ ਇਸਲਾਮੀ ਲਸ਼ਕਰ ਬਨੂ ਮੁਤੱਲਕ ਦੇ ਨੇੜੇ ਪਹੁੰਚਿਆ ਤਾਂ ਕਿਉਂਕਿ ਉਹਨਾਂ ਨੂੰ ਪਤਾ ਨਹੀਂ ਸੀ ਕਿ ਮੁਸਲਮਾਨ ਬਿਲਕੁਲ ਕਰੀਬ ਆ ਗਏ ਹਨ। ਜਿਵੇਂ ਕਿ ਉਹਨਾਂ ਨੂੰ ਇਸਲਾਮੀ ਲਸ਼ਕਰ ਦੇ ਆਉਣ ਦੀ ਖਬਰ ਹੋ ਗਈ ਸੀ। ਉਹ ਆਰਾਮ ਨਾਲ ਪਏ ਸਨ। ਇਸੇ ਹਾਲਤ ਵੱਲ੍ਹ ਬੁਖਾਰੀ ਦੀ ਸਾਖੀ ਵਿੱਚ ਸੰਕੇਤ ਹੈ। ਪਰ ਜੱਦ ਉਹਨਾਂ ਨੂੰ ਇਸਲਾਮੀ ਲਸ਼ਕਰ ਦੇ ਪਹੁੰਚਣ ਦੀ ਖਬਰ ਮਿਲੀ ਤਾਂ ਉਹ ਆਪਣੀ ਤਿਆਰੀ ਅਨੁਸਾਰ ਛੇਤੀ ਨਾਲ ਜੰਗ ਲਈ ਕਤਾਰਾਂ ਵਿੱਚ ਖੜੇ ਹੋ ਗਏ ਅਤੇ ਇਹ ਉਹ ਹਾਲਾਤ ਹਨ। ਜਿਸ ਦਾ ਜ਼ਿਕਰ ਇਤਿਹਾਸਕਾਰਾਂ ਨੇ ਕੀਤਾ ਹੈ।

ਇਸ ਗਜ਼ਵਾਹ ਵਿੱਚ ਇੱਕ ਸਹਾਬੀ ਹੀ ਸ਼ਹੀਦ ਹੋਏ ਸਨ ਅਤੇ ਉਹ ਵੀ ਗਲਤੀ ਨਾਲ, ਇੱਕ ਮੁਸਲਮਾਨ ਨੇ ਉਹਨਾਂ ਨੂੰ ਕਾਫਰ ਸਮਝ ਕੇ ਗਲਤੀ ਨਾਲ ਸ਼ਹੀਦ ਕਰ ਦਿੱਤਾ ਸੀ।

ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਦੀ ਪਤਨੀ, ਹਜ਼ਰਤ ਜੁਵੇਰਿਆ ਰਜ਼ੀ ਅੱਲਾਹ ਅੰਨਹਾ ਫ਼ਰਮਾਉਂਦੀ ਹਨ ਕਿ ਇਸ ਜੰਗ ਦੇ ਦਿਨ ਮੈਂ ਆਪਣੇ ਪਿਤਾ ਨੂੰ ਕਹਿੰਦੇ ਹੋਏ ਸੁਣਿਆ ਕਿ ਇਨ੍ਹਾਂ ਵੱਡਾ ਲਸ਼ਕਰ ਆ ਗਿਆ ਹੈ ਕਿ ਜਿਸ ਦੇ ਮੁਕਾਬਲੇ ਦੀ ਤਾਕਤ ਸਾਡੇ ਵਿੱਚ ਨਹੀਂ। ਆਪ ਰਜ਼ੀ ਅੱਲਾਹ ਅੰਨਹਾ ਫ਼ਰਮਾਉਂਦੀ ਹਨ ਕਿ ਮੈਂ ਆਪ ਇੰਨ੍ਹੇ ਲੋਕ, ਹਥਿਆਰ ਅਤੇ ਘੋੜੇ ਵੇਖ ਰਹੀ ਸੀ ਕਿ ਮੈਂ ਬਿਆਨ ਨਹੀਂ ਕਰ ਸਕਦੀ। ਜੱਦ ਮੈਂ ਇਸਲਾਮ ਕਬੂਲ ਕੀਤਾ ਅਤੇ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਨੇ ਮੇਰੇ ਨਾਲ ਵਿਆਹ ਕਰ ਲਿਆ ਅਤੇ ਅਸੀਂ ਪਰਤ ਆਏ ਤਾਂ ਮੈਂ ਵੇਖਿਆ ਕਿ ਮੁਸਲਮਾਨ ਮੈਨੂੰ ਪਹਿਲਾਂ ਵਾਂਗ ਵੱਧ ਨਜ਼ਰ ਨਹੀਂ ਆਏ। ਤਦ ਮੈਨੂੰ ਪਤਾ ਲੱਗਿਆ ਕਿ ਇਹ ਰੱਬ ਵਲੋਂ ਰੋਹਬ ਸੀ। ਜੋ ਉਹ ਵਿਰੋਧੀਆਂ ਦੇ ਦਿਲਾਂ ਵਿੱਚ ਪਾਉਂਦਾ ਹੈ।

ਮਾਲੇ ਗਨੀਮਤ (ਜੰਗ ਜਿੱਤਣ ਉੱਤੇ ਪ੍ਰਾਪਤ ਹੋਣ ਵਾਲਾ ਮਾਲ) ਵਿੱਚ ਪ੍ਰਾਪਤ ਹੋਣ ਵਾਲੇ ਊਠਾਂ ਦੀ ਗਿਣਤੀ ਦੋ ਹਜ਼ਾਰ ਸੀ, ਬਕਰੀਆਂ ਦੀ ਗਿਣਤੀ ਪੰਜ ਹਜ਼ਾਰ ਸੀ ਅਤੇ ਕੈਦੀਆਂ ਦੀ ਗਿਣਤੀ ਦੋ ਸੌ ਘਰਾਂ ਉੱਤੇ ਆਧਾਰਿਤ ਸੀ। ਕੁੱਝ ਇਤਿਹਾਸਕਾਰਾਂ ਨੇ ਕੈਦੀਆਂ ਦੀ ਗਿਣਤੀ 700 ਤੋਂ ਵੱਧ ਵੀ ਬਿਆਨ ਕੀਤੀ ਹੈ। ਆਂਹਜ਼ਰਤ ਸੱਲਲਾਹੁ ਅਲੈਹਿ ਨੇ ਹਜ਼ਰਤ ਬਰੀਦਾ ਰਜ਼ੀ ਅੱਲਾਹ ਅੰਨਹੁ ਨੂੰ ਉਹਨਾਂ ਦਾ ਨਿਗਰਾਨ ਬਣਾਇਆ ਸੀ।

ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਨੇ ਸਾਰੇ ਮਾਲ ਵਿੱਚੋਂ ਖੁਮਸ ਕੱਢਿਆ। ਖੁਮਸ ਰੱਬ ਦੇ ਆਦੇਸ਼ ਅਨੁਸਾਰ ਮਾਲੇ ਗਨੀਮਤ ਵਿੱਚੋਂ ਉਹ ਪੰਜਵਾਂ ਹਿੱਸਾ ਹੈ, ਜੋ ਰੱਬ ਅਤੇ ਉਸ ਦੇ ਰਸੂਲ ਸੱਲਲਾਹੁ ਅਲੈਹਿ ਵੱਸਲਮ ਅਤੇ ਰਸੂਲ ਦੇ ਕਰੀਬੀ ਰਿਸ਼ਤੇਦਾਰਾਂ ਅਤੇ ਇਸਲਾਮੀ ਲੋੜਾਂ ਲਈ ਵੱਖ ਕੀਤਾ ਜਾਂਦਾ ਹੈ।

ਇਸ ਕਬੀਲੇ ਦੇ ਜੋ ਲੋਕ ਗਿਰਫ਼ਤਾਰ ਹੋਏ ਸਨ। ਉਹਨਾਂ ਵਿੱਚ ਕਬੀਲਾ ਦੇ ਸਰਦਾਰ ਹਾਰਸ ਬਿਨ ਅਬੀ ਜ਼ਰਾਰ ਦੀ ਬੇਟੀ ਬੱਰਾ ਵੀ ਸਨ। ਜਿਨ੍ਹਾਂ ਦਾ ਨਾਂ ਬਦਲ ਕੇ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਨੇ ਜੁਵੇਰਿਆ ਰੱਖ ਦਿੱਤਾ ਸੀ। ਕੈਦੀਆਂ ਦੀ ਵੰਡ ਸਮੇਂ ਜੁਵੇਰਿਆ ਰਜ਼ੀ ਅੱਲਾਹ ਅੰਨਹਾ ਇੱਕ ਅਨੰਸਾਰੀ ਸਹਾਬੀ ਸਾਬਤ ਬਿਨ ਕੈਸ ਰਜ਼ੀ ਅੱਲਾਹ ਅੰਨਹੁ ਦੇ ਹਿੱਸੇ ਵਿੱਚ ਆਈ ਸਨ। ਬੱਰਾ ਨੇ ਸਾਬਤ ਬਿਨ ਕੈਸ ਨਾਲ ਮੁਕਾਤਬਤ ਦੇ ਤਰੀਕ ਉੱਤੇ ਸਮਝੋਤਾ ਕੀਤਾ ਸੀ। (ਮੁਕਾਤਬਤ ਕਹਿੰਦੇ ਹਨ ਕਿ ਕੋਈ ਲੌਂਡੀ ਜਾਂ ਗੁਲਾਮ ਆਪਣੇ ਮਾਲਿਕ ਤੋਂ ਇਹ ਸੰਧੀ ਕਰ ਲਏ ਕਿ ਉਹ ਜੇਕਰ ਆਪਣੇ ਮਾਲਿਕ ਨੂੰ ਉਹ ਰਕਮ, ਜੋ ਰਕਮ ਇੱਥੇ ਤੈਅ ਸੀ ਉਹ ਨੌ ਓਕਯਾ ਸੋਨਾ ਸੀ ਜੋ ਤਿੰਨ ਸੌ ਸੱਠ ਦਰਹਮ ਬਣਦਾ ਹੈ, ਫਿੱਦਯਾ ਵਜੋਂ ਅਦਾ ਕਰ ਦੇਵੇ ਤਾਂ ਆਜ਼ਾਦ ਸਮਝਿਆ ਜਾਵੇਗਾ) ਇਸ ਸਮਝੋਤੇ ਦੇ ਬਾਦ ਬੱਰਾ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਦੇ ਕੋਲ੍ਹ ਆਈਂ ਅਤੇ ਸਾਰੇ ਹਾਲਾਤ ਦੱਸੇ ਅਤੇ ਇਹ ਪ੍ਰਕਟ ਕਰਕੇ ਕਿ ਮੈਂ ਬਨੂ ਮੁਤੱਲਕ ਦੇ ਸਰਦਾਰ ਦੀ ਕੁੜੀ ਆ ਫਿੱਦਯਾ ਅਦਾ ਕਰਨ ਵਿੱਚ ਆਪ ਸੱਲਲਾਹੁ ਅਲੈਹਿ ਵੱਸਲਮ ਤੋਂ ਮਦਦ ਮੰਗੀ। ਉਸ ਦੀ ਕਹਾਣੀ ਤੋਂ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਪ੍ਰਭਾਵਿਤ ਹੋਏ ਅਤੇ ਸ਼ਾਇਦ ਇਹ ਸੋਚਿਆ ਕਿ ਉਹ ਇੱਕ ਪ੍ਰਸਿੱਧ

ਕਬੀਲੇ ਦੇ ਸਰਦਾਰ ਦੀ ਕੁੜੀ ਹੈ, ਸ਼ਾਇਦ ਇਸ ਸੰਬੰਧ ਨਾਲ ਪ੍ਰਚਾਰ ਵਿੱਚ ਆਸਾਨੀ ਪੈਦਾ ਹੋ ਜਾਵੇ, ਆਪ ਸੱਲਲਾਹੁ ਅਲੈਹਿ ਵੱਸਲਮ ਨੇ ਇਰਾਦਾ ਕੀਤਾ ਕਿ ਉਸ ਨਾਲ ਵਿਆਹ ਕਰ ਲੈਣ। ਬੱਰਾ ਦੇ ਰਾਜ਼ੀ ਹੋਣ ਉੱਤੇ ਆਪ ਸੱਲਲਾਹੁ ਅਲੈਹਿ ਵੱਸਲਮ ਨੇ ਫਿੱਦਯਾ ਅਦਾ ਕਰਕੇ ਉਹਨਾਂ ਨਾਲ ਵਿਆਹ ਕਰ ਲਿਆ।

ਸਹਾਬਾ ਨੇ ਜੱਦ ਇਹ ਵੇਖਿਆ ਤਾਂ ਉਨ੍ਹਾਂ ਨੇ ਇਹ ਪਸੰਦ ਨ ਕੀਤਾ ਕਿ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਦੇ ਸੁਸਰਾਲ ਵਾਲਿਆਂ ਨੂੰ ਆਪਣੇ ਹੱਥਾਂ ਵਿੱਚ ਕੈਦ ਰੱਖਣ। ਸੋ, 100 ਘਰ ਅਰਥਾਤ ਕਈ ਸੌ ਕੈਦੀ ਬਿਨਾਂ ਫਿੱਦਯਾ ਅਦਾ ਕੀਤੇ, ਇੱਕੋ ਵਾਰ ਵਿੱਚ ਆਜ਼ਾਦ ਕਰ ਦਿੱਤੇ ਗਏ। ਇਸੇ ਲਈ ਹਜ਼ਰਤ ਆਇਸ਼ਾ ਰਜ਼ੀ ਅੱਲਾਹ ਅੰਨਹਾ ਫ਼ਰਮਾਉਂਦੀ ਸਨ ਕਿ ਜੁਵੇਰਿਆ ਆਪਣੀ ਕੌਮ ਲਈ ਬਹੁਤ ਮੁਬਾਰਕ ਹਸਤੀ ਸਾਬਤ ਹੋਈ ਹੈ।

ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਇਸ ਗਜ਼ਵਾਹ ਤੋਂ ਕਾਮਯਾਬ ਹੋ ਕੇ ਵਾਪਸ ਆਏ ਅਤੇ ਕੁੱਲ੍ਹ 28 ਦਿਨ ਆਪ ਸੱਲਲਾਹੁ ਅਲੈਹਿ ਵੱਸਲਮ ਮਦੀਨਾ ਤੋਂ ਬਾਹਰ ਰਹੇ।

ਇਸ ਗਜ਼ਵਾਹ ਤੋਂ ਵਾਪਸ ਆਉਂਦੇ ਹੋਏ ਮੁਨਾਫ਼ਿਕਾਂ ਦੇ ਸਰਦਾਰ ਅਬਦੁੱਲਾਹ ਬਿਨ ਉਬਯੀ ਬਿਨ ਸਲੂਲ ਦਾ ਨਿਫ਼ਾਕ ਵੀ ਖੁੱਲ੍ਹ ਕੇ ਪ੍ਰਕਟ ਹੋ ਗਿਆ। ਇੱਕ ਕਿੱਸੇ ਉੱਤੇ ਅਬਦੁੱਲਾਹ ਬਿਨ ਉਬਯੀ ਨੇ ਕੁਰੇਸ਼ ਅਤੇ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਦੇ ਖਿਲਾਫ ਆਪਣੇ ਕਬੀਲਾ ਵਾਲਿਆਂ ਨੂੰ ਵਰਗਲਾਉਣ ਦੀ ਕੋਸ਼ਿਸ਼ ਕੀਤੀ ਅਤੇ ਇੱਥੇ ਤੱਕ ਕਿਹਾ ਕਿ ਮਦੀਨਾ ਪਰਤ ਕੇ ਸਭ ਤੋਂ ਵੱਧ ਮਾਣਯੋਗ ਸਭ ਤੋਂ ਵੱਧ ਜ਼ਲੀਲ ਨੂੰ ਸ਼ਹਿਰੋਂ ਕੱਢ ਦੇਵੇਗਾ। ਜ਼ੈਦ ਬਿਨ ਅਰਕਮ ਰਜ਼ੀ ਅੱਲਾਹ ਅੰਨਹੁ ਨੇ ਇਸ ਮੌਕੇ ਉੱਤੇ ਗੈਰਤ ਦਾ ਪ੍ਰਗਟਾਵਾ ਕੀਤਾ ਅਤੇ ਅਬਦੁੱਲਾਹ ਬਿਨ ਉਬਯੀ ਨੂੰ ਟੋਕਿਆ ਅਤੇ ਕਿਹਾ ਕਿ ਤੂੰ ਹੀ ਆਪਣੀ ਕੌਮ ਵਿੱਚ ਸਭ ਤੋਂ ਵੱਧ ਜ਼ਲੀਲ ਹੈ ਅਤੇ ਫਿਰ ਆਪ ਰਜ਼ੀ ਅੱਲਾਹ ਅੰਨਹੁ ਨੇ ਆਪ ਸੱਲਲਾਹੁ ਅਲੈਹਿ ਵੱਸਲਮ ਕੋਲ੍ਹ ਹਾਜ਼ਰ ਹੋ ਕੇ ਉਸ ਦੀ ਸਾਰੀ ਗੱਲ੍ਹ ਦੱਸ ਦਿੱਤੀ। ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਨੇ ਜ਼ੈਦ ਦੀ ਗੱਲ੍ਹ ਨੂੰ ਪਸੰਦ ਨ ਕੀਤਾ ਅਤੇ ਫ਼ਰਮਾਇਆ ਕਿ ਹੇ ਲੜਕੇ ! ਸ਼ਾਇਦ ਤੈਨੂੰ ਅਬਦੁੱਲਾਹ ਬਿਨ ਉਬਯੀ ਉੱਤੇ ਗੁੱਸਾ ਹੈ। ਸਾਖੀ ਵਿੱਚ ਜ਼ਿਕਰ ਹੈ ਕਿ ਉਸ ਦੇ ਬਾਦ ਅਬਦੁੱਲਾਹ ਬਿਨ ਉਬਯੀ ਆਪਣੇ ਆਪ ਜਾਂ ਕਿਸੇ ਦੀ ਤਹਰੀਕ ਉੱਤੇ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਦੇ ਕੋਲ੍ਹ ਆਇਆ ਅਤੇ ਰੱਬ ਦੀ ਸੌਂਹ ਖਾ ਕੇ ਕਿਹਾ ਕਿ ਜ਼ੈਦ ਨੇ ਜੋ ਕੁੱਝ ਕਿਹਾ ਹੈ। ਉਹ ਸਭ ਗਲਤ ਹੈ।

ਹਜ਼ੂਰੇ ਅਨਵਰ ਨੇ ਫ਼ਰਮਾਇਆ ਕਿ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਨੂੰ ਵੀ ਖਿਆਲ ਸੀ ਕਿ ਅਬਦੁੱਲਾਹ ਬਿਨ ਉਬਯੀ ਨੇ ਗੱਲ੍ਹ ਜ਼ਰੂਰ ਕੀਤੀ ਆ। ਇਸ ਦੇ ਬਾਦ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਨੇ ਤੁਰਨ ਦਾ ਆਦੇਸ਼ ਦਿੱਤਾ ਅਤੇ ਅੰਨਸਾਰ ਦੇ ਕੁੱਝ ਸਰਦਾਰਾਂ ਦੇ ਪੁੱਛਣ ਉੱਤੇ ਫ਼ਰਮਾਇਆ ਕਿ ਕੀ ਤੁਸੀਂ ਨਹੀਂ ਜਾਣਦੇ ਕਿ ਤੁਹਾਡੇ ਸਾਥੀ ਨੇ ਕੀ ਕਿਹਾ ਹੈ। ਅਰਥਾਤ ਇਹ ਕਿ ਮਦੀਨਾ ਵਾਪਸ ਪਹੁੰਚ ਕੇ ਸਭ ਤੋਂ ਵੱਧ ਮਾਣਯੋਗ ਵਿਅਕਤੀ ਸਭ ਤੋਂ ਜ਼ਲੀਲ ਵਿਅਕਤੀ ਨੂੰ ਸ਼ਹਿਰੋਂ ਕੱਢ ਦੇਵੇਗਾ। ਇਸ ਉੱਤੇ ਉਹਨਾਂ ਸ਼ਰਧਾਵਾਨ ਸਹਾਬੀਆਂ ਨੇ ਕਿਹਾ ਕਿ ਹੇ ਅੱਲਾਹ ਦੇ ਰਸੂਲ ਸੱਲਲਾਹੁ ਅਲੈਹਿ ਵੱਸਲਮ ! ਯਕੀਨਨ ਆਪ ਸੱਲਲਾਹੁ

ਅਲੈਹਿ ਵੱਸਲਮ ਸਭ ਤੋਂ ਵੱਧ ਮਾਣਯੋਗ ਹਨ ਅਤੇ ਸਾਰੀਆਂ ਇੱਜ਼ਤਾਂ ਰੱਬ ਅਤੇ ਉਸ ਦੇ ਰਸੂਲ ਸੱਲਲਾਹੁ ਅਲੈਹਿ ਵੱਸਲਮ ਲਈ ਹਨ। ਜੇਕਰ ਆਪ ਸੱਲਲਾਹੁ ਅਲੈਹਿ ਵੱਸਲਮ ਚਾਹੁਣ ਤਾਂ ਅਬਦੁੱਲਾਹ ਬਿਨ ਉਬਯੀ ਨੂੰ ਸ਼ਹਿਰੋਂ ਕੱਢ ਦੇਣ ਅਤੇ ਜੇਕਰ ਚਾਹੁਣ ਤਾਂ ਉਸ ਨਾਲ ਨਰਮੀ ਦਾ ਸਲੂਕ ਕਰਨ।

ਹਜ਼ੂਰੇ ਅਨਵਰ ਨੇ ਫ਼ਰਮਾਇਆ ਕਿ ਅਬਦੁੱਲਾਹ ਬਿਨੁ ਉਬਯੀ ਨੇ ਜੋ ਗੱਲ੍ਹ ਕੀਤੀ ਸੀ। ਉਸ ਸੰਬੰਧੀ ਹਜ਼ਰਤ ਮਿਰਜ਼ਾ ਬਸ਼ੀਰ ਅਹਮਦ ਸਾਹਿਬ ਰਜ਼ੀ ਅੱਲਾਹ ਅੰਨਹੁ ਨੇ ਜੋ ਵਿਸਥਾਰ ਬਿਆਨ ਕੀਤਾ ਹੈ। ਉਹ ਇੰਸ਼ਾ-ਅੱਲਾਹ ਫਿਰ ਬਿਆਨ ਕਰਾਂਗਾ।

ਇਸ ਦੇ ਬਾਦ ਹਜ਼ੂਰੇ ਅਨਵਰ ਨੇ ਫ਼ਰਮਾਇਆ ਕਿ ਅਗਲੇ ਸ਼ੁੱਕਰਵਾਰ ਤੋਂ ਇੰਸ਼ਾ-ਅੱਲਾਹ ਬਰਤਾਨੀਆ ਦਾ ਜਲਸਾ ਸਲਾਨਾ ਵੀ ਸ਼ੁਰੂ ਹੋਵੇਗਾ। ਉਸ ਦੇ ਲਈ ਵੀ ਦੁਆ ਕਰੋ। ਰੱਬ ਹਰ ਪ੍ਰਕਾਰ ਨਾਲ ਬਰਕਤਾਂ ਵਾਲਾ ਬਣਾਏ। ਸਾਰੇ ਸੇਵਾਦਾਰਾਂ ਨੂੰ ਉੱਚ ਆਚਰਣ ਪੇਸ਼ ਕਰਦੇ ਹੋਏ ਅਤੇ ਕੁਰਬਾਨੀ ਦੇ ਜਜ਼ਬੇ ਨਾਲ ਆਪਣੇ ਕਰਤੱਵ ਅਦਾ ਕਰਨ ਦੀ ਤੌਫ਼ੀਕ ਬਖਸ਼ੇ। ਜੋ ਮਹਿਮਾਨ ਆਏ ਹਨ ਅਤੇ ਜੋ ਸਫ਼ਰ ਵਿੱਚ ਹਨ, ਸਭ ਨੂੰ ਆਪਣੀ ਹਿਫਾਜ਼ਤ ਵਿੱਚ ਰੱਖੇ। ਆਮੀਨ

ਖੁਤਬੇ ਦੇ ਅੰਤ ਵਿੱਚ ਹਜ਼ੂਰੇ ਅਨਵਰ ਨੇ ਤਿੰਨ ਸਵਰਗਵਾਸੀਆਂ ਦਾ ਜ਼ਿਕਰ ਫ਼ਰਮਾਉਂਦੇ ਹੋਏ ਨਮਾਜ਼ ਜਨਾਜ਼ਾ ਗਾਇਬ ਪੜ੍ਹਾਉਣ ਦਾ ਐਲਾਨ ਫ਼ਰਮਾਇਆ :

1. ਸ਼੍ਰੀਮਤੀ ਸਲੀਮਾ ਬਾਨੋ ਸਾਹਿਬਾ ਪਤਨੀ ਮੌਲਵੀ ਮੁਹੱਮਦ ਹਮੀਦ ਕੌਸਰ ਸਾਹਿਬ ਨਾਜ਼ਰ ਦਾਅਵਤ ਇੱਲਲਾਹ ਸ਼ੁਮਾਲੀ ਹਿੰਦ। ਆਪ ਨੂੰ ਸਦਰ ਲੱਜਨਾ ਮੁੰਬਈ ਅਤੇ ਸਦਰ ਲੱਜਨਾ ਕਬਾਬੀਰ ਵਜੋਂ ਸੇਵਾ ਕਰਨ ਦਾ ਮੌਕਾ ਮਿਲਿਆ।
2. ਸ਼੍ਰੀਮਾਨ ਨੂਰ-ਉੱਲ-ਹੱਕ ਮਜ਼ਹਰ ਸਾਹਿਬ ਆਫ਼ ਲਾਹੌਰ।
3. ਸ਼੍ਰੀਮਤੀ ਅਮਤੁਲ ਹਫੀਜ਼ ਨਿਗਹਤ ਸਾਹਿਬਾ ਪਤਨੀ ਸਵਰਗਵਾਸੀ ਮੁਹੱਮਦ ਸ਼ਫੀ ਸਾਹਿਬ ਆਫ਼ ਰਬਵਹ।

   ਹਜ਼ੂਰੇ ਅਨਵਰ ਨੇ ਸਾਰੇ ਸਵਰਗਵਾਸੀਆਂ ਦੀ ਬਖਸ਼ਿਸ਼ ਅਤੇ ਸਵਰਗ ਵਿੱਚ ਦਰਜਾਤ ਬੁਲੰਦ ਹੋਣ ਲਈ ਦੁਆ ਕੀਤੀ।

اَلْحَمْدُ لِلّٰہِ! اَلْحَمْدُ لِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَنَتَوَکَّلُ عَلَیْہِ وَنَعُوْذُ بِاللّٰہِ مِنْ شُرُوْرِ اَنْفُسِنَا وَمِنْ سَیِّئَاتِ
اَعْمَالِنَا مَنْ یَّھْدِہِ اللّٰہُ فَلَا مُضِلَّ لَہٗ وَمَنْ یُّضْلِلْہُ فَلَا ھَادِیَ لَہٗ وَنَشْھَدُ اَنْ لَّا اِلٰہَ اِلَّا اللّٰہُ وَنَشْھَدُ اَنَّ مُحَمَّدًا عَبْدُہٗ وَرَسُوْلُہٗ عِبَادَ اللّٰہِ
رَحِمَکُمُ اللّٰہُ اِنَّ اللّٰہَ یَاْمُرُ بِالْعَدْلِ وَالْاِحْسَانِ وَاِیْتَآءِ ذِی الْقُرْبٰی وَیَنْھٰی عَنِ الْفَحْشَآءِ وَالْمُنْکَرِ وَالْبَغْیِ یَعِظُکُمْ لَعَلَّکُمْ تَذَکَّرُوْنَ
اُذْکُرُوا اللّٰہَ یَذْکُرْکُمْ وَادْعُوْہُ یَسْتَجِبْ لَکُمْ وَلَذِکْرُ اللّٰہِ اَکْبَرُ